# 2026-27

# ਨਮੂਨੇ ਦਾ ਪ੍ਰਸ਼ਨ-ਪੱਤਰ **(ਪੰਜਾਬੀ-018)**

## SQP - PUNJABI- 018

## (ਆਲ ਇੰਡੀਆ ਸੈਕੰਡਰੀ ਸਕੂਲ ਪ੍ਰੀਖਿਆ)

Time allowed : 3 hours　　　　Maximum Marks : 80

ਸਮਾਂ ਸੀਮਾ : 3 ਘੰਟੇ　　　　ਪੂਰਨ ਅੰਕ : 80

---

**ਸਧਾਰਨ ਨਿਰਦੇਸ਼ :** ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

**Note /ਨੋਟ :**

(i) Please check that this question paper contains 8 printed pages.
ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ 11 ਪੰਨੇ ਹਨ।

(ii) Q.P. code given on the righthand side of the question paper should be written on the title page of the answer-book by the candidate.
ਪ੍ਰਸ਼ਨ-ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ-ਪੱਤਰ ਨੂੰ ਪ੍ਰੀਖਿਆਰਥੀ ਉੱਤਰ-ਪੁਸਤਿਕਾ ਦੇ ਮੁੱਖ-ਪੰਨੇ ਉੱਪਰ ਲਿਖਣ।

(iii) Please check that this question paper contains 16 questions.
ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ-ਪੱਤਰ ਵਿੱਚ 16 ਪ੍ਰਸ਼ਨ ਹਨ।

**(iv) Please write down the Serial Number of the question in the answer-book at the given place before attempting it.**
ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ-ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰੀਅਲ ਨੰਬਰ) ਜਰੂਰ ਲਿਖੋ।

(v) 15 minutes time has been allotted to red this question paper. The question paper will be distributed at 10:15 a.m. From 10:15 a.m. to 10:30 a.m., the candidates will read the question paper only and will not write any answer on the answer-book during this period.
ਇਸ ਪ੍ਰਸ਼ਨ-ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ-ਪੱਤਰ ਸਵੇਰੇ 10:15 ਵਜੇ ਵੰਡੇ ਜਾਣਗੇ। 10:15 ਤੋਂ 10:30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ-ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ-ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ।

(vi) The question paper will comprise of four parts **Part-I. Part-II, Part-III** and **Part-IV**.
ਇਸ ਪ੍ਰਸ਼ਨ ਪੱਤਰ ਵਿੱਚ ਚਾਰ ਭਾਗ **I, II, III** ਅਤੇ **IV** ਹਨ ।

**(vii)** **Part-I** will consist of 2 questions of Reading-Skill. Attempt all as per given instructions.
ਭਾਗ- **I** 'ਪੜ੍ਹਨ-ਕੌਸ਼ਲ' ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

**(viii)** **Part-II** will consist of 5 questions of Grammar. Attempt all as per given instructions.
ਭਾਗ-**II** 'ਵਿਆਕਰਨ' ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

**(ix)** **Part-III** will consist of 3 questions of Writing skill. Attempt all as per given instructions.
ਭਾਗ-**III** 'ਪ੍ਰਭਾਵਸ਼ਾਲੀ ਲਿਖਣ-ਕੌਸ਼ਲ' ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

**(x)** **Part-IV** will consist of 6 questions of Text book based questions. Attempt all as per given instructions.
ਭਾਗ-**IV** 'ਪੜ੍ਹਨ-ਕੌਸ਼ਲ' ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

(xi) Answer the given questions in serial order as possible.
ਜਿੰਨਾ ਸੰਭਵ ਹੋ ਸਕੇ ਪ੍ਰਸ਼ਨਾਂ ਦੇ ਉੱਤਰ ਕ੍ਰਮ ਅਨੁਸਾਰ ਦਿੱਤੇ ਜਾਣ ।

## ਭਾਗ - I ਪੜ੍ਹਨ ਕੌਸ਼ਲ

## Part - I : Reading Skill 6+4=10

**1.** ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਅਧਾਰ 'ਤੇ/ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਤੇ ਵਿੱਚੋਂ ਚੁਣ ਕੇ ਲਿਖੋ: **6X1=6**

ਸਫ਼ਾਈ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਅਰੋਗ ਰਹਿਣ ਲਈ ਸਾਨੂੰ ਸਾਰਿਆਂ ਨੂੰ ਸਫ਼ਾਈ ਦੇ ਮਹੱਤਵ ਨੂੰ ਜਾਣਨ ਦੀ ਲੋੜ ਹੈ। ਮਨੁੱਖ ਨੂੰ ਨਾ ਕੇਵਲ ਆਪਣੇ ਸਰੀਰ ਦੀ ਹੀ ਸਫ਼ਾਈ ਰੱਖਣੀ ਚਾਹੀਦੀ ਹੈ ਸਗੋਂ ਆਪਣੇ ਘਰ ਅਤੇ ਆਲ਼ੇ-ਦੁਆਲ਼ੇ ਨੂੰ ਵੀ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਹਰ ਰੋਜ਼ ਨਹਾਈਏ ਅਤੇ ਸਾਫ਼-ਸੁਥਰੇ ਕੱਪੜੇ ਪਾਈਏ। ਸਰੀਰ ਨੂੰ ਅਰੋਗ ਰੱਖਣ ਲਈ ਦੰਦਾਂ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਨਹਾਉਣ ਸਮੇਂ ਸਾਨੂੰ ਸਾਫ਼-ਸੁਥਰੇ ਤੌਲੀਏ ਦੀ ਵਰਤੋਂ ਕਰਨੀ ਚਾਹੀਦੀ ਹੈ। ਗੰਦੇ ਅਥਵਾ ਦੂਸਰੇ ਦੇ ਤੌਲੀਏ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਾਡੀ ਖ਼ੁਰਾਕ ਵੀ ਸਾਫ਼-ਸੁਥਰੀ ਹੋਣੀ ਚਾਹੀਦੀ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਖਾਣਪੀਣ ਵਾਲ਼ੀਆਂ ਚੀਜ਼ਾਂ ਢਕ ਕੇ ਰੱਖੀਏ ਤਾਂ ਜੋ ਇਹਨਾਂ 'ਤੇ ਮੱਖੀਆਂ ਆਦਿ ਨਾ ਬੈਠਣ। ਖਾਣਾ ਖਾਣ ਤੋਂ ਪਹਿਲਾਂ ਸਾਨੂੰ ਆਪਣੇ ਹੱਥਾਂ ਨੂੰ ਸਾਬਣ ਨਾਲ਼ ਧੋਣਾ ਚਾਹੀਦਾ ਹੈ। ਪੀਣ ਵਾਲ਼ਾ ਪਾਣੀ ਵੀ ਸਾਫ਼-ਸੁਥਰਾ ਹੋਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ਼ ਹੀ ਸਾਡੇ ਲਈ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਘਰ ਦੀ ਵੀ ਸਫ਼ਾਈ ਰੱਖੀਏ। ਘਰਾਂ ਦੇ ਫਰਸ਼ ਆਦਿ ਦੀ ਸਫ਼ਾਈ ਸਮੇਂ ਫਿਨਾਇਲ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਮੱਖੀਆਂ ਅਤੇ ਮੱਛਰ ਆਦਿ ਦੂਰ ਰਹਿਣ। ਘਰ ਵਿੱਚ ਹਰ ਚੀਜ਼ ਥਾਂ ਸਿਰ ਪਈ ਹੋਣੀ ਚਾਹੀਦੀ ਹੈ ਅਤੇ ਕੂੜਾ ਆਦਿ ਸੁੱਟਣ ਲਈ ਖ਼ਾਸ ਜਗ੍ਹਾ ਹੋਣੀ ਚਾਹੀਦੀ ਹੈ। ਚਾਹੀਦਾ ਤਾਂ ਇਹ ਹੈ ਕਿ ਅਸੀਂ ਘਰ ਦਾ ਕੂੜਾ ਢਕ ਕੇ ਰੱਖੀਏ ਅਤੇ ਇਸ ਨੂੰ ਜਲਦੀ ਹੀ ਕਮੇਟੀ ਦੁਆਰਾ ਨਿਸ਼ਚਿਤ ਥਾਂ 'ਤੇ ਸੁਟਵਾਉਣ ਦਾ ਪ੍ਰਬੰਧ ਕਰੀਏ। ਘਰ ਤੋਂ ਬਿਨਾਂ ਸਾਨੂੰ ਆਪਣੇ ਆਲ਼ੇ-ਦੁਆਲ਼ੇ ਦੀ ਸਫ਼ਾਈ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਕੋਸ਼ਸ ਕਰਨੀ ਚਾਹੀਦੀ ਹੈ ਕਿ ਘਰ ਤੋਂ ਬਾਹਰ ਦੀਆਂ ਨਾਲ਼ੀਆਂ ਸਾਫ਼ ਰਹਿਣ ਤੇ ਗਲ਼ੀਆਂ ਵਿੱਚ ਗੰਦਗੀ ਦੇ ਢੇਰ ਨਾ ਲੱਗਣ। ਜੇਕਰ ਲੋੜ ਪਵੇ ਤਾਂ ਨਗਰਪਾਲਕਾ ਦੇ ਅਧਿਕਾਰੀਆਂ ਨੂੰ ਵੀ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਸਫ਼ਾਈ ਦਾ ਪ੍ਰਬੰਧ ਹੋ ਸਕੇ ਅਤੇ ਕਿਸੇ ਬਿਮਾਰੀ ਦਾ ਖ਼ਤਰਾ ਪੈਦਾ ਨਾ ਹੋਵੇ। ਬਰਸਾਤ ਦੇ ਦਿਨਾਂ ਵਿੱਚ ਤਾਂ ਸਾਨੂੰ ਸਫ਼ਾਈ ਵੱਲ ਹੋਰ ਵੀ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਬਰਸਾਤ ਦੇ ਦਿਨਾਂ ਵਿੱਚ ਮੱਖੀਆਂ- ਮੱਛਰਾਂ ਤੋਂ ਬਚਣ ਲਈ ਡੀ.ਡੀ.ਟੀ. ਦੀ ਵਰਤੋਂ ਕਰਨੀ ਚਾਹੀਦੀ ਹੈ। ਆਮ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਾਰਵਜਨਿਕ ਥਾਂਵਾਂ 'ਤੇ ਜਾਣ ਸਮੇਂ ਸਫ਼ਾਈ ਰੱਖਣ ਵਿੱਚ ਸਹਿਯੋਗ ਦੇਣ ਅਤੇ ਕੂੜਾ-ਕਰਕਟ ਤੇ ਫਲ਼ਾਂ ਦੇ ਛਿਲਕੇ ਆਦਿ ਨਿਸ਼ਚਿਤ ਥਾਂਵਾਂ 'ਤੇ ਹੀ ਸੁੱਟਣ। ਸਫ਼ਾਈ ਰੱਖਣ ਵਿੱਚ ਹਰ ਮਨੁੱਖ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

(i) ਸਾਡੇ ਜੀਵਨ ਵਿੱਚ ਕਿਸ ਦਾ ਬਹੁਤ ਮਹੱਤਵ ਹੈ ?

(A) ਰੋਟੀ ਦਾ (B) ਪੈਸੇ ਦਾ

(C) ਸਫ਼ਾਈ ਦਾ (D) ਘਰ ਦਾ

(ii) ਮਨੁੱਖ ਨੂੰ ਆਪਣੇ ਸਰੀਰ ਦੇ ਨਾਲ਼-ਨਾਲ਼ ਹੋਰ ਕਿਸ ਦੀ ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ ?

(A) ਦੇਸ ਦੀ (B) ਗੱਡੀਆਂ ਦੀ

(C) ਘਰ ਅਤੇ ਆਲ਼ੇ-ਦੁਆਲ਼ੇ ਦੀ (D) ਬਜ਼ਾਰ ਦੀ

(iii) ਸਰੀਰ ਨੂੰ ਅਰੋਗ ਰੱਖਣ ਲਈ ਕਿਹੜੇ ਅੰਗ ਦੀ ਸਫ਼ਾਈ ਵੱਲ ਧਿਆਨ ਦੇਣਾ ਚਾਹੀਦਾ ਹੈ ?

(A) ਹੱਥ (B) ਪੈਰ

(C) ਅੱਖਾਂ (D) ਦੰਦ

(iv) ਖਾਣਾ ਖਾਣ ਤੋਂ ਪਹਿਲਾਂ ਸਾਨੂੰ ਕੀ ਕਰਨਾ ਚਾਹੀਦਾ ਹੈ ?

(A) ਮੂੰਹ ਧੋਣਾ ਚਾਹੀਦਾ ਹੈ (B) ਹੱਥ ਧੋਣੇ ਚਾਹੀਦੇ ਹਨ

(C) ਜਾਪ ਕਰਨਾ ਚਾਹੀਦਾ ਹੈ (D) ਸਿਰ ਧੋਣਾ ਚਾਹੀਦਾ ਹੈ

(v) ਸਫ਼ਾਈ ਰੱਖਣ ਵਿੱਚ ਹਰ ਮਨੁੱਖ ਨੂੰ ਕੀ ਪਾਉਣਾ ਚਾਹੀਦਾ ਹੈ ?

(A) ਪਾਣੀ (B) ਪੈਸਾ

(C) ਯੋਗਦਾਨ (D) ਰੌਲ਼ਾ

(vi) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

(A) ਅਰੋਗਤਾ (B) ਸਾਫ਼-ਸੁਥਰਾ

(C) ਸਫ਼ਾਈ (D) ਆਲ਼ਾ-ਦੁਆਲ਼ਾ

**2.** ਸੂਬਾ ਨੰਬਰ ਵਨ ਬਣੇ ਆਓ ਲਾਈਏ ਏਨੇ ਰੁੱਖ ।
ਧਰਤੀ'ਤੇ ਮਹਿਫ਼ੂਜ਼ ਰੱਖੀਏ, ਪਾਣੀ, ਰੁੱਖ ਤੇ ਕੁੱਖ ।
ਧੀ ਜੰਮੇ ਤਾਂ ਰੁੱਖ ਲਗਾਓ ਜੱਗ ਦੀਆਂ ਲਓ ਦੁਆਵਾਂ ,
ਰੁੱਖਾਂ ਬਾਝੋਂ ਧਰਤੀ ਜਿਦਾਂ ਬਿਨ ਬੱਚਿਆਂ ਦੇ ਮਾਵਾਂ । **4X1=4**

(i) ਕਵੀ ਅਨੁਸਾਰ ਨੰਬਰ ਵਨ ਸੂਬਾ ਕਿਵੇਂ ਬਣਾਇਆ ਜਾ ਸਕਦਾ ਹੈ ?

(ii) ਧਰਤੀ'ਤੇ ਕੀ-ਕੀ ਸੁਰੱਖਿਅਤ ਰੱਖਣ ਦੀ ਲੋੜ ਹੈ ?

(iii) ਧੀ ਜੰਮਣ ਤੇ ਰੁੱਖ ਕਿਉਂ ਲਗਾਉਣਾ ਚਾਹੀਦਾ ਹੈ ?

(iv) ਜੱਗ ਤੋਂ ਦੁਆਵਾਂ ਕਿਵੇਂ ਮਿਲ ਸਕਦੀਆਂ ਹਨ ?

## ਭਾਗ - II : ਵਿਆਕਰਨ

## Part - II : Grammar

**2+2+2+2+4=12**

**3.** ਸਮਾਸੀ ਸ਼ਬਦ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ (any two) ਹੱਲ ਕਰੋ) : **2X1=2**

(i) 'ਦਿਸ਼ਾ-ਹੀਣ ਸਮਾਸੀ ਸ਼ਬਦ ਦਾ ਸਹੀ ਸ਼ਬਦ-ਸਮੂਹ ਕਿਹੜਾ ਹੈ ?

(A) ਦਿਸ਼ਾ ਨੂੰ ਹੀਣ (B) ਹੀਣ ਦੀ ਦਸ਼ਾ

(C) ਦਿਸ਼ਾ ਤੋਂ ਹੀਣ (D) ਦਿਸ਼ਾਵਾਂ ਤੋਂ ਹੀਣ

(ii) 'ਖੇਡ ਦਾ ਮੈਦਾਨ' ਸ਼ਬਦ-ਸਮੂਹ ਲਈ ਸਹੀ ਸਮਾਸੀ-ਸ਼ਬਦ ਚੁਣੋ -

(A) ਮੈਦਾਨ-ਖੇਡਾਂ (B) ਖੇਡਾਂ-ਮੈਦਾਨ

(C) ਮੈਦਾਨ-ਖੇਡ (D) ਖੇਡ-ਮੈਦਾਨ

(iii) ਹੇਠ ਲਿਖਿਆਂ ਵਿੱਚੋਂ ਸਮਾਸੀ-ਸ਼ਬਦ ਚੁਣੋ -

(A) ਪਗ-ਡੰਡੀ (B) ਮਹਾਪਾਪ

(C) ਹਮਰਾਜ਼ (D) ਨਿਰਮੂਲ

**4.** ਬਹੁਅਰਥਕ ਸ਼ਬਦ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ (any two) ਹੱਲ ਕਰੋ) : **2X1=2**

(i) 'ਸਹੀ' ਸ਼ਬਦ ਦੇ ਬਹੁਅਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ -

(A) ਠੀਕ , ਦਸਖਤ (B) ਨਹਿਰ , ਛੋਟੀ

(C) ਗਲਤ , ਲੜਨਾ (D) ਮੋਟਾ , ਪਤਲਾ

(ii) 'ਦਰ' ਸ਼ਬਦ ਦੇ ਬਹੁਅਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ -

(A) ਕਮਾਉਣਾ , ਗਰਮੀ (B) ਟਿੱਕਾ , ਮਜਬੂਤ

(C) ਦਰਵਾਜ਼ਾ , ਮੁੱਲ (D) ਖੇਡ-ਮੈਦਾਨ

(iii) 'ਸਰ' ਸ਼ਬਦ ਦਾ ਇੱਕ ਅਰਥ ਹੈ,'ਜਿੱਤਣਾ', ਦੂਜਾ ਅਰਥ ਹੈ -

(A) ਪੁੱਠੀ , ਉੱਚਾ (B) ਸਨਮਾਨ , ਸਰੋਵਰ

(C) ਅਵਾਜ਼ , ਕਪੜਾ (D) ਸ੍ਰੇਸ਼ਠ , ਚੰਗਾ

**5.** ਕਿਰਿਆ-ਵਿਸ਼ੇਸ਼ਣ : (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ (any two) ਹੱਲ ਕਰੋ) : **2X1=2**

(i) ਕਿਰਿਆ-ਵਿਸ਼ੇਸ਼ਣ ਦੇ ਕਿੰਨੇ ਭੇਦ ਹਨ ?

(A) ਤਿੰਨ (B) ਪੰਜ

(C) ਅੱਠ (D) ਸੱਤ

(ii) ਕਾਰਨਵਾਚਕ ਕਿਰਿਆ-ਵਿਸ਼ੇਸ਼ਣ ਚੁਣੋ -

(A) ਇਕਹਿਰਾ/ਦੁਹਰਾ (B) ਸੱਚਮੁੱਚ/ਬੇਸ਼ੱਕ

(C) ਇੱਧਰ/ਉੱਥੇ (D) ਕਿਉਂ/ਇਸਲਈ

(iii) ਜਿਸ ਕਿਰਿਆ-ਵਿਸ਼ੇਸ਼ਣ ਤੋਂ ਹੋਣ ਵਾਲੇ ਕਾਰਜ ਦੇ ਸਮੇਂ ਸੰਬੰਧੀ ਗਿਆਨ ਹੋਵੇ , ਉਹ ਹੈ -

(A) ਸਥਾਨਵਾਚਕ (B) ਕਾਲਵਾਚਕ

(C) ਪ੍ਰਕਾਰਵਾਚਕ (D) ਪਰਿਮਾਣਵਾਚਕ

**6.** ਅਗੇਤਰ-ਪਿਛੇਤਰ : (ਪੁੱਛੇ ਗਏ ਅਨੁਸਾਰ ਹੱਲ ਕਰੋ) : **1+1=2**

(i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ –

ਹਮ , ਖੁਸ਼

(ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ –

ਕਾਰ , ਦਾਨੀ

**7.** ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ (any four)ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : **4X1=4**

(i) ਕੱਖ ਨਾ ਰਹਿਣਾ

(ii) ਖਿੱਲੀ ਉਡਾਉਣਾ

(iii) ਗਿਰਗਿਟ ਵਾਂਗ ਰੰਗ ਬਦਲਣਾ

(iv) ਘੜੀਆਂ ਟਪਾਉਣੀਆਂ

(v) ਚਰਨ ਧੋ ਕੇ ਪੀਣੇ

(vi) ਛਾਪਾ ਮਾਰਨਾ

# ਭਾਗ - III : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## Part - III : Writing Skill

**8+6+4=18**

**8.** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : **1X8=8**

(I ) ਮਿੱਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

( ਭੂਮਿਕਾ . . . . . . ਗੁਰੂ ਨਾਨਕ ਦੇਵ ਜੀ ਦੇ ਬੋਲ . . . . . . ਉਦਾਹਰਨ . . . . . . ਚਾਣਕਿਆ ਨੀਤੀ . . . . . ਮਿੱਠਤੁ ਸਥਾਈ ਸੁਹਿਰਦਤਾ . . . ... ਨੀਵਾਂ ਹੋਣ ਨਿਮਰਤਾ ਦੀ ਨਿਸ਼ਾਨੀ . . . . . . . . ਸਿੱਟਾ )

(ii) ਪੁਸਤਕਾਂ ਦੀ ਦੁਨੀਆ

( ਭੂਮਿਕਾ . . . . . . ਪੁਸਤਕਾਂ ਲਿਖਣ ਦਾ ਕਿੱਤਾ/ਹੁਨਰ . . . . . . ਛਾਪੇਖਾਨੇ ਦੀ ਕਾਢ ਕਾਰਨ ਪੁਸਤਕ ਜਗਤ ਵਿੱਚ ਕ੍ਰਾਂਤੀ . . . . . . ਵੱਖ-ਵੱਖ ਵਿਧਾਵਾਂ ਵਿੱਚ ਪੁਸਤਕਾਂ ਲਿਖਣਾ . . . . . ਗਿਆਨ ਦਾ ਸੋਮਾ . . . .......... ਚੰਗੀਆਂ-ਮੰਦੀਆਂ ਪੁਸਤਕਾਂ ਵਿੱਚ ਫ਼ਰਕ . . . . . . . . ਸਿੱਟਾ )

(iii) ਆਵਾਜਾਈ ਦੀ ਸਮੱਸਿਆ

( ਭੂਮਿਕਾ . . . . . . ਪਸ਼ੂ ਆਵਾਜਾਈ ਦੇ ਸਾਧਨ . . . . . . ਪਾਣੀ ਵਿੱਚ ਅਤੇ ਜ਼ਮੀਨ ਤੇ ਚੱਲਣ ਵਾਲੇ ਆਵਾਜਾਈ ਦੇ ਸਾਧਨ . . . . . . ਆਵਾਜਾਈ ਦੇ ਆਧੁਨਿਕ ਸਾਧਨ . . . . . ਆਵਾਜਾਈ ਦੇ ਸਾਧਨਾਂ ਨਾਲ ਸਮੱਸਿਆ ... . ... ਸਮੱਸਿਆ ਦਾ ਸਮਾਧਾਨ . . . . . . . . ਸਿੱਟਾ )

**9.** ਪੱਤਰ ਰਚਨਾ : **1X6=6**

(i) ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਲਿਖ ਕੇ ਉਸਦੀ ਭੈਣ ਦੇ ਵਿਆਹ ਤੇ ਨਾ ਪਹੁੰਚਣ ਦੀ ਖਿਮਾ ਮੰਗੋ।

(ਪਤਾ ਲਿਖਣਾ . . . . . . . ਵਿਆਹ ਦਾ ਸੱਦਾ ਪੱਤਰ ਮਿਲਣਾ . . . . . . . ਆਉਣ ਦੀ ਪੂਰੀ ਤਿਆਰੀ. . .. . . .. . ਹੜ੍ਹ ਕਾਰਨ ਗੱਡੀ ਰੱਦ ਹੋਣੀ . . . . . . ਮਜਬੂਰਨ ਪ੍ਰੋਗਰਾਮ ਮੁਲਤਵੀ . . . . . . ਸਰਨਾਵਾਂ/ਪਤਾ ਲਿਖਣਾ )

**ਜਾਂ (or )**

(ii) ਤੁਹਾਡਾ ਸਕੂਟਰ ਚੋਰੀ ਹੋ ਗਿਆ ਹੈ,ਇਸ ਦੀ ਰਿਪੋਰਟ ਆਪਣੇ ਇਲਾਕੇ ਦੇ ਐੱਸ. ਐਚ. ਓ. ਨੂੰ ਦਰਜ ਕਰਾਓ।

(ਬੱਚਿਆਂ ਲਈ ਤਿਉਹਾਰ ਲਈ ਖਰੀਦਦਾਰੀ ਕਰਨ ਜਾਣਾ . .. . . . . ਦੁਕਾਨ ਦੇ ਬਾਹਰ ਸਕੂਟਰ ਖੜ੍ਹੇ ਕਰਕੇ ਜਾਣਾ. . . . . ਵਾਪਸ ਆਉਣ ਤੇ ਸਕੂਟਰ ਨਾਂ ਮਿਲਣਾ . . . . . . . ਸਕੂਟਰ ਦਾ ਵੇਰਵਾ . . . . . . . ਕਾਰਵਾਈ ਕਰਨ ਦੀ ਬੇਨਤੀ ਕਰਨਾ। )

**10.** ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ : **1X4=4**



**ਨੋਟ :** ਇਹ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ :

ਆਪਣੇ ਸਕੂਲ ਵਿੱਚ 'ਈਕੋ-ਕਲੱਬ' ਦੇ ਅੰਤਰਗਤ ਵਿਦਿਆਰਥੀਆਂ ਦੇ ਹੱਥੋਂ ਪਾਰਕਾਂ ਵਿੱਚ ਰੁੱਖ-ਬੂਟੇ ਲਗਾਉਣ ਦੀ ਗਤੀਵਿਧੀ ਕਰਾਉਣ ਅਤੇ ਨਾਲ ਹੀ ਉਹਨਾਂ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਲੈਣ ਸੰਬੰਧੀ ਇੱਕ ਪ੍ਰੋਗਰਾਮ ਦਾ ਆਯੋਜਨ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਨੂੰ ਪੱਤਰ ਲਿਖੋ।

## ਭਾਗ - IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

### Part - IV :Text Books based questions 5+5+4+14+8+4=40

**11.** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ (any five) ਹੱਲ ਕਰੋ) : **5X1=5**

(i) 'ਮੰਗਣਾ ਬਹੁਤ ਹੀ ਔਖਾ ਕੰਮ ਹੈ ।' ਵਾਕ ਕਿਸ ਰਚਨਾ ਦਾ ਹੈ ?

(A) ਅੰਗ-ਸੰਗ (B) ਕੁਲਫ਼ੀ

(C) ਧਰਤੀ ਹੇਠਲਾ ਬਲਦ (D) ਘਰ ਦਾ ਪਿਆਰ

(ii) ਕਰਤਾਰ ਸਿੰਘ ਨੂੰ ਢਾਣੀਆਂ ਵਿੱਚ ਫਿਰਨ ਤੋਂ ਕੌਣ ਰੋਕਦਾ ਸੀ ?

(A) ਕਰਤਾਰ ਸਿੰਘ ਦਾ ਭਤੀਜਾ (B) ਕਰਤਾਰ ਸਿੰਘ ਦਾ ਭਰਾ

(C) ਕਰਤਾਰ ਸਿੰਘ ਦਾ ਪਿਓ (D) ਕਰਤਾਰ ਸਿੰਘ ਦੀ ਮਾਂ

(iii) ਲੇਖਕ ਪ੍ਰਿੰ. ਤੇਜਾ ਸਿੰਘ ਅਨੁਸਾਰ ਜਿਸ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ,ਉਸਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ?

(A) ਕੋੜਾ (B) ਸੜੀਅਲ

(C) ਖਿਝੂ (D) ਉਪਰੋਕਤ ਸਾਰੇ

(iv) ਲੇਖਕ ਗੁਰਬਖਸ਼ ਸਿੰਘ ਅਨੁਸਾਰ ਮਨੁੱਖ ਦੀ ਆਤਮਾ ਦਾ ਚਿੱਤਰ ਕਿਸ ਨੂੰ ਕਿਹਾ ਗਿਆ ਹੈ ?

(A) ਮੁਹਰਾਂ (B) ਬੋਲੀ

(C) ਪਹਿਰਾਵਾ (D) ਪਰਿਵਾਰ

(v) ਕੋਠੀ ਵਿੱਚ ਜਾਲੇ ਫਰੋਲਦਿਆਂ ਕੈਦੀ ਦੇ ਹੱਥ ਕੀ ਲੱਗਾ ?

(A) ਇੱਕ ਪੁਰਾਣੀ ਪੋਥੀ (B) ਸੌ ਰੁਪਏ

(C) ਕੱਪੜੇ (D) ਇੱਕ ਫ਼ਾਈਲ

(vi) ਹਨੇਰੀ ਨਾਲ ਜੜ੍ਹਾਂ ਤੋਂ ਉਖੜ ਕੇ ਰਾਹ ਵਿੱਚ ਕਿਹੜਾ ਦਰੱਖਤ ਡਿੱਗ ਪਿਆ ਸੀ ?

(A) ਅੰਬ ਦਾ (B) ਧ੍ਰੇਕ ਦਾ

(C) ਬੇਰੀ ਦਾ (D) ਸ਼ਹਿਤੂਤ ਦਾ

**12.** ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ (any five) ਹੱਲ ਕਰੋ) : **5X1=5**

(i) 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਗੁਰੂ ਸਾਹਿਬ ਨੇ ਮਨੁੱਖ ਨੂੰ ਕਿਸ ਨੂੰ ਮੰਦਾ ਕਹਿਣ ਤੋਂ ਵਰਜਿਆ ਹੈ ?

(A) ਇਸਤਰੀ ਨੂੰ (B) ਮੂਰਖ ਨੂੰ

(C) ਸਮਾਜ ਨੂੰ (D) ਪਰਿਵਾਰ ਨੂੰ

(ii) 'ਕਿਰਪਾ ਕਰਿ ਕੈ ਬਖਸਿ ਲੈਹੁ' ਰਚਨਾ ਅਨੁਸਾਰ ਜਿਸ ਜੀਵ'ਤੇ ਗੁਰੂ ਦਿਆਲੂ ਹੋਵੇ , ਉਹ ਉਸ ਜੀਵ ਨੂੰ ਕਿਸ ਨਾਲ ਮਿਲਾਉਂਦਾ ਹੈ ?

(A) ਭਗਤ ਨਾਲ (B) ਗੁਰਮੁਖ ਨਾਲ

(C) ਪਰਮਾਤਮਾ ਨਾਲ (D) ਗੁਰੂ ਨਾਲ

(iii) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਅਨੁਸਾਰ ਸਭ ਥਾਂਵਾਂ ਤੇ ਸਾਡਾ ਰਾਖਾ ਕੌਣ ਹੈ ?

(A) ਗੁਰੂ (B) ਪਰਮਾਤਮਾ

(C) ਮਾਂ-ਬਾਪ (D) ਰਿਸ਼ਤੇਦਾਰ

(iv) ਨਿਹਾਲ ਕੌਰ ਦਾ ਮਨਜੀਤ ਪ੍ਰਤੀ ਰੱਵਈਆ ਕਿਹੋ ਜਿਹਾ ਸੀ ?

(A) ਕੌੜਾ (B) ਮਮਤਾ ਭਰਿਆ

(C) ਸਹੇਲਪੁਣੇ ਵਾਲਾ (D)ਸਤਿਕਾਰ ਵਾਲਾ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਔਰੰਗਜ਼ੇਬ ਨੇ ਕਿੰਨੇ ਸਾਲ ਪਰਜਾ ਦੇ ਮਨ ਦਾ ਚੈਨ ਖੋਹਿਆ ?

(A) ਲਗਭਗ ਤੀਹ ਸਾਲ (B) ਲਗਭਗ ਚਾਲ੍ਹੀ ਸਾਲ

(C) ਲਗਭਗ ਪੰਜਾਹ ਸਾਲ (D) ਲਗਭਗ ਸੱਠ ਸਾਲ

(vi) ਮਨਜੀਤ ਅਤੇ ਸੁਖਦੇਵ ਕੌਰ ਦਾ ਆਪਸ ਵਿੱਚ ਕੀ ਰਿਸ਼ਤਾ ਹੈ ?

(A) ਨੂੰਹ-ਸੱਸ (B) ਭੈਣਾਂ

(C) ਗੁਆਂਢਣਾਂ (D) ਨਨਾਣ-ਭਰਜਾਈ

**13.** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ (any five) ਹੱਲ ਕਰੋ) : **4x1=4**

(i) ਆਪਣੇ ਪ੍ਰਾਂਤ ਅਤੇ ਦੇਸ਼ ਦੀ ਵਿਸ਼ਾਲਤਾ ਦਾ ਗਿਆਨ ਕਿਸ ਤਰ੍ਹਾਂ ਹੁੰਦਾ ਹੈ?

(ii) ਕਿਹੜੇ ਪਿੰਡ ਦਾ ਪਹਿਲਵਾਨ ਮੁਗਦਰ ਭਾਲਦਾ (ਲੱਭਦਾ) ਸੀ?

(iii) ਆਕੀ ਹੋਏ ਧਾੜਵੀ ਸਰਦਾਰ ਨੂੰ ਕਿਸ ਕਿਲ੍ਹੇ ਵਿੱਚ ਕੈਦ ਕੀਤਾ ਗਿਆ ਸੀ?

(iv) ਕਰਮ ਸਿੰਘ ਦੀ ਪੈਨਸ਼ਨ ਦੇ ਕਾਗਜ਼ ਕੌਣ ਲੈ ਕੇ ਆਇਆ ਸੀ?

(v) ਕਰਤਾਰ ਸਿੰਘ ਨੇ ਸੁਸਾਇਟੀ ਤੋਂ ਕਿਸ ਕੰਮ ਲਈ ਕਰਜ਼ਾ ਲਿਆ ਸੀ?

**14.**ਕਹਾਣੀ,ਵਾਰਤਕ ਅਤੇ ਇਕਾਂਗੀ ਵਿੱਚੋਂ(ਕਿਸੇ ਸੱਤ(any seven)ਪ੍ਰਸ਼ਨਾਂ ਦੇ ਉੱਤਰ25-30ਸ਼ਬਦਾਂ ਵਿੱਚ ਦਿਓ):**7x2=14**

(i) 'ਕੁਲਫ਼ੀ' ਕਹਾਣੀ ਦਾ ਲੇਖਕ, ਮਾਲਕ ਤੋਂ ਤਨਖਾਹ ਵਧਾਉਣ ਦੀ ਮੰਗ ਕਰਨ ਤੋਂ ਸੰਕੋਚ ਕਿਉਂ ਕਰਦਾ ਸੀ?

(ii) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ?

(iii) ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਖਰਾਬ ਹੋਣ ਤੋਂ ਬਚਾਉਣ ਲਈ, ਉਸ ਨਾਲ ਕਿਹੋ ਜਿਹਾ ਵਿਹਾਰ ਕੀਤਾ ?

(iv) ਪ੍ਰਿੰ. ਤੇਜਾ ਸਿੰਘ ਦੇ ਲੇਖ 'ਘਰ ਦਾ ਪਿਆਰ'ਅਨੁਸਾਰ ਘਰ ਤੋਂ ਕੀ ਭਾਵ ਹੈ ?

(v) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਕਿਉਂ ਦੇਣਾ ਚਾਹੀਦਾ ਹੈ?

(vi) ਪਿੰਡ ਛਾਪੇ ਵਿੱਚ ਵਿਆਹ'ਤੇ ਜਾ ਕੇ ਬਾਬਿਆਂ ਨੇ ਕੀ ਕੀਤਾ?

(vii) ਨੱਚਣ ਦੀ ਅਵਾਜ਼ ਸੁਣ ਕੇ ਔਰੰਗਜ਼ੇਬ ਦੀ ਕੀ ਪ੍ਰਤਿਕਿਰਿਆ ਹੁੰਦੀ ਹੈ?

(viii) ਨਿਹਾਲ ਕੌਰ ਆਪਣੀ ਨੂੰਹ ਤੋਂ ਮਾਫ਼ੀ ਕਿਉਂ ਮੰਗਦੀ ਹੈ?

**15.** ਕਵਿਤਾ ਅਤੇ ਵਾਰਤਕ ਵਿੱਚੋਂ ( ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ): **2x4=8**

(i) (A) ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਸਮਾਜ ਵਿੱਚ ਹੋਏ ਜਿਹੜੇ ਪਰਿਵਰਤਨ ਦਾ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ ,ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

**ਜਾਂ (OR)**

(B) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦੇ ਵਿਸ਼ੇ ਬਾਰੇ ਜਾਣਕਾਰੀ ਦਿਓ ।

(ii) (A) ਪ੍ਰਿੰ. ਤੇਜਾ ਸਿੰਘ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ ?

**ਜਾਂ (OR)**

(B) ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ ਪੈਦਲ ਤੁਰਿਆਂ ਮਨੁੱਖ ਕੁਦਰਤ ਦੇ ਵਧੇਰੇ ਨੇੜੇ ਕਿਵੇਂ ਹੋ ਜਾਂਦਾ ਹੈ ?

**16.** ਇਕਾਂਗੀ ਵਿੱਚੋਂ ( ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ): **1x4=4**

(i) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣ ਕੇ ਜ਼ੀਨਤ ਨੇ ਔਰੰਗਜ਼ੇਬ ਨੂੰ ਕੀ ਕਿਹਾ ?

(ii) ਨਿਹਾਲ ਕੌਰ ਮਨਜੀਤ ਨੂੰ ਸੁਖਦੇਵ ਦੇ ਦੂਜੇ ਵਿਆਹ ਦੀਆਂ ਧਮਕੀਆਂ ਕਿਉਂ ਦਿੰਦੀ ਸੀ ?

**- o 0 o -**